# ਕਿੰਗ ਇਨ ਰਿੰਗ !

**ਤਰਲੋਚਨ ਸਿੰਘ ਦੁਪਾਲਪੁਰ, ਯੂ ਐਸ ਏ**
**ਸਾਬਕਾ ਸ਼੍ਰੋ: ਗੁ: ਪ੍ਰ: ਕਮੇਟੀ ਮੈਂਬਰ**
Email : tsdupalpuri@yahoo.com



"ਲੱਗ ਗਿਆ ਪਤਾ ਹੁਣ ?···ਆਇਆ ਸੁਆਦ !····ਉਦੋਂ ਤੁਸੀਂ ਵੀ ਕਸੀਦੇ ਕੱਢਣ ਲੱਗ ਪਏ ਸੀ, ਅਖੇ ਜੀ ਪਹਿਲੀ ਵਾਰ 'ਸਾਡਾ' ਪ੍ਰਧਾਨ ਮੰਤਰੀ ਬਣਿਆਂ !!"

ਮਾਣਯੋਗ ਡਾ: ਮਨਮੋਹਨ ਸਿੰਘ ਜੀ ਵਲੋਂ ਕੈਨੇਡਾ ਫੇਰੀ ਦੌਰਾਨ ਦਿੱਤੇ ਗਏ ਵਿਵਾਦ-ਮਈ ਬਿਆਨ ਪੜ੍ਹ ਕੇ, ਮੇਰਾ ਇਕ ਪਾਠਕ ਮੈਨੂੰ ਉਲਾਂਭੇ ਵਜੋਂ ਕਹਿਣ ਲੱਗਾ। ਪਲ ਦੀ ਪਲ ਤਾਂ ਮੈਂ ਛਿੱਥਾ ਜਿਹਾ ਪੈ ਗਿਆ। ਲੇਕਿਨ ਛੇਤੀ ਸੰਭਲ ਗਿਆ। ਕਿਉਂਕਿ ਇਸ ਗਹਿਰ-ਗੰਭੀਰ ਉਲਾਂਭੇ ਦੇ ਰੀਐਕਸ਼ਨ ਵਜੋਂ ਮੈਨੂੰ ਇਕ ਵਾਕਿਆ ਸੁੱਝ ਪਿਆ !

"ਮੈਂ ਜਾਨਿਆਂ ਵਡਹੰਸ ਹੈ ਤਾਂ ਮੈਂ ਕੀਤਾ ਸੰਗ!!" ਵਾਲੀ ਪਾਵਨ ਤੁਕ ਬੋਲਦਿਆਂ, ਮੈਂ ਆਪਦੇ ਬਚਾਅ ਲਈ ਕਹਾਣੀ ਸ਼ੁਰੂ ਕਰ ਲਈ।

ਅਣਭੋਲ ਬਚਪਨ ਤੋਂ ਜਵਾਨੀ ਦੀ ਦਹਿਲੀਜ਼ ਤੱਕ ਪਹੁੰਚਦਿਆਂ ਮੈਨੂੰ ਇਕ ਐਸੇ ਪ੍ਰਵਾਰ ਵਿੱਚ ਬਹਿਣ-ਉੱਠਣ ਦੇ ਭਰਪੂਰ ਮੌਕੇ ਮਿਲਦੇ ਰਹੇ, ਜਿਨ੍ਹਾਂ ਦਾ ਖਾਨਦਾਨ ਗੁਰੂ-ਅੰਸ-ਬੰਸ ਨਾਲ ਜਾ ਮਿਲਦਾ ਸੀ। ਇਸ ਪ੍ਰਵਾਰ ਦਾ ਮੁਖੀਆ, ਜਿਸ ਨੂੰ ਅਸੀਂ ਸਤਿਕਾਰ ਨਾਲ 'ਬਾਬਾ ਜੀ' ਆਖਦੇ ਹੁੰਦੇ ਸਾਂ, ਚੋਟੀ ਦਾ ਵਿਦ-ਵਾਨ ਪੁਰਸ਼ ਸੀ। ਇਹ ਕੋਈ ਇਨ੍ਹਾਂ ਦੀ ਵਿਰਾਸਤੀ ਪ੍ਰੰਪਰਾ ਹੀ ਹੋਏਗੀ ਕਿ ਇਨ੍ਹਾਂ ਦੇ ਰਿਸ਼ਤੇ-ਨਾਤੇ ਉਨ੍ਹਾਂ ਉੱਚ-ਜਾਤੀਆਂ ਦੇ ਘਰਾਣਿਆਂ ਵਿੱਚ ਵੀ ਹੋ ਜਾਂਦੇ ਸਨ, ਜੋ ਗੈਰ-ਕੇਸਾਧਾਰੀ ਭਾਵ ਮੋਨੇ ਹੀ ਹੁੰਦੇ ਸਨ। ਜਦ ਕਿ ਖੁਦ ਇਹ ਸਾਰੇ ਚੜ੍ਹਦੀ ਕਲਾ ਵਾਲੇ ਤਿਆਰ-ਬਰ-ਤਿਆਰ ਦਰਸ਼ਨੀ ਸਿੰਘ ਸਨ। ਬਾਬਾ ਜੀ ਦੇ ਘਰ ਵਾਲੀ ਅਕਸਰ ਆਪਣੇ ਪੇਕਿਆਂ ਦੀਆਂ ਗੱਲਾਂ ਕਰਨ ਵੇਲੇ, ਅਜਿਹੇ ਨਾਮ ਲੈਂਦੀ ਹੁੰਦੀ ਸੀ-ਵਿਵੇਕ, ਸ਼ਿਆਮ, ਰਮੇਸ਼, ਜਾਨਕੀ, ਊਸ਼ਾ ਨੇਹਾ ਵਗੈਰਾ ਵਗੈਰਾ।



ਇਕ ਦਿਨ ਅਸੀਂ ਉਨ੍ਹਾਂ ਦੇ ਘਰ ਖੁੱਲ੍ਹੀ ਦਾਹੜੀ ਵਾਲਾ ਦਸਤਾਰਧਾਰੀ ਮਹਿਮਾਨ ਆਇਆ ਦੇਖਿਆ ਜੋ ਬਾਬਾ ਜੀ ਦੀ ਸੁਪਤਨੀ ਨੂੰ ਸਤਿਕਾਰ ਨਾਲ 'ਭੂਆ ਜੀ' ਆਖ ਰਿਹਾ ਸੀ। ਅੱਗਿਉਂ ਮਾਤਾ ਜੀ ਗੱਲਾਂਬਾਤਾਂ ਕਰਦਿਆਂ ਉਹਦਾ ਗੈਰ ਸਿੱਖਾਂ ਨਾਲ ਨਾਂ ਲੈ ਰਹੀ ਸੀ। ਅਸੀਂ ਇਹ ਵਰਤਾਰਾ ਦੇਖ ਕੇ ਬੜੇ ਹੈਰਾਨ ਹੋਏ। ਉਸ ਮਹਿਮਾਨ ਦੇ ਚਲੇ ਜਾਣ ਬਾਅਦ ਸਾਡੀ ਪੁੱਛ 'ਤੇ ਮਾਤਾ ਜੀ ਨੇ ਚਾਈਂ ਚਾਈਂ ਦੱਸਿਆ ਕਿ ਇਹ ਮੇਰਾ ਭਤੀਜਾ ਹੈ !

ਇਕ ਗੈਰ-ਸਿੱਖ ਤੇ ਮੋਨਿਆਂ ਦੇ ਪ੍ਰਵਾਰ ਵਿੱਚੋਂ ਕੋਈ ਨੌਜਵਾਨ ਸਿੰਘ ਸਜਿਆ ਜਾਣ ਕੇ, ਖੁਸ਼ੀ ਨਾਲ ਮੇਰੀਆਂ ਵਾਛਾਂ ਖਿੜ ਗਈਆਂ ! ਡੁੱਲ੍ਹ ਡੁੱਲ੍ਹ ਪੈਂਦੀ ਪ੍ਰਸੰਨਤਾ ਨਾਲ ਮੈਂ ਬਾਬਾ ਜੀ ਨੂੰ ਪੁੱਛਿਆ ਕਿ ਮਾਤਾ ਜੀ ਦਾ ਭਤੀਜਾ 'ਸਿੰਘ' ਸਜ ਗਿਆ ਹੈ ? ਮੇਰਾ ਸਵਾਲ ਸੁਣ ਕੇ ਬਹੁਤ ਘਰੋੜ ਕੇ 'ਨਹੀਂ-ਈਂ--' ਕਹਿੰਦਿਆਂ ਬਾਬਾ ਜੀ ਨੇ ਹੈਰਾਨੀ ਨਾਲ ਮੇਰੇ ਵੱਲ ਦੇਖਿਆ। ਜਿਵੇਂ ਮੇਰੇ ਮੂੰਹੋਂ ਕੋਈ ਬਹੁਤ ਭੈੜੀ ਗੱਲ ਨਿਕਲ ਗਈ ਹੋਵੇ !

ਭੌਚੱਕਾ ਜਿਹਾ ਹੋ ਕੇ ਮੈਂ ਇਸ ਅਜੀਬ ਮਾਜਰੇ ਬਾਰੇ ਹਾਲੇ ਸੋਚ ਹੀ ਰਿਹਾ ਸਾਂ ਕਿ ਬਾਬਾ ਜੀ ਮੁਸਕਰਾਉਂਦਿਆਂ ਹੋਇਆਂ ਆਪਣੀ ਘਰ ਵਾਲੀ ਦੇ ਭਤੀਜੇ ਦਾ ਨਾਂ ਲੈ ਕਹਿੰਦੇ-

"·····ਚੰਦਰ ਨੇ ਵਾਲ ਰੱਖੇ ਹੋਏ ਐ, ਉਹ ਸਿੰਘ ਤਾਂ ਨਹੀਂ ਸਜਿਆ ਹਾਲੇ !"

ਇਹ ਸੱਚੀ ਵਾਰਤਾ ਸੁਣ ਕੇ ਮੇਰੇ ਪਾਠਕ ਦਾ ਗੁੱਸਾ ਅੱਧਾ ਕੁ ਰਹਿ ਗਿਆ। ਇਸ ਕਥਾ ਦਾ ਅੰਤ੍ਰੀਵ-ਭਾਵ ਸਮਝਦਿਆਂ ਉਸ ਨੇ ਫਿਰ ਮੇਰੇ 'ਤੇ ਤਵਾ ਲਾ ਦਿੱਤਾ-

"ਚਲੋ ਇਹ ਤਾਂ ਹੋਇਆ ਸੋ ਹੋਇਆ, ਪਰ ਤੁਸੀਂ ਉਦੋਂ 'ਸਿੰਘ ਇਜ਼ ਕਿੰਗ' ਕੀ ਸੋਚ ਕੇ ਗਾਉਣ ਲੱਗ ਪਏ ਸੀ ?"

"ਓ ਭਰਾ ਮੇਰਿਆ !" ਆਪਣੀ ਜਾਨ ਛੁਡਾਉਂਦਿਆਂ ਮੈਂ ਕਿਹਾ-"ਸਿੰਘ ਇਜ਼ ਕਿੰਘ" ਤਾਂ ਠੀਕ ਈ ਐ, ਗੜਬੜ ਉਦੋਂ ਹੁੰਦੀ ਹੈ ਜਦੋਂ ਕੋਈ "ਕਿੰਗ ਇਨ ਰਿੰਗ' ਫਸ ਜਾਏ !"

# ਕਬੱਡੀ ਪ੍ਰਮੋਟਰਾਂ ਨੇ ਸ੍ਰ. ਬਲਵਿੰਦਰ ਸਿੰਘ ਔਜਲਾ ਆਸਟਰੀਆ ਦਾ ਇੰਗਲੈਂਡ ਵਿੱਚ ਨਿੱਘਾ ਸਵਾਗਤ ਕਰਦਿਆਂ ਸਲੋਹ ਮੇਲੇ 'ਤੇ ਜੀ ਆਇਆਂ ਨੂੰ ਕਿਹਾ



ਤਸਵੀਰ: ਸਲੋਹ ਕਬੱਡੀ ਟੂਰਨਾਮੈਂਟ 'ਤੇ ਜਸਪਾਲ ਸਿੰਘ ਪਾਲੀ ਢਿਲੋਂ, ਸ੍ਰ. ਪ੍ਰਭਜੋਤ ਸਿੰਘ ਬਿਟੂ ਮੋਹੀ, ਇੰਦਰਜੀਤ ਸਿੰਘ ਬੱਲ, ਸ੍ਰ ਬਲਵਿੰਦਰ ਸਿੰਘ ਔਜਲਾ, ਸ੍ਰ. ਰਣਜੀਤ ਸਿੰਘ ਢੰਡਾ, ਕੁਮੈਂਟੇਟਰ ਰਵਿੰਦਰ ਕੋਛੜ ਅਤੇ ਹੋਰ ਮੇਲੇ ਦਾ ਅਨੰਦ ਮਾਣਦੇ ਹੋਏ।

**ਸ੍ਰ. ਬਲਵਿੰਦਰ ਸਿੰਘ ਔਜਲਾ ਆਸਟਰੀਆ ਜੋ ਸ੍ਰ. ਇੰਦਰਜੀਤ ਸਿੰਘ ਬੱਲ ਦੇ ਕੁੜਮ ਹਨ ਦਾ ਇੰਗਲੈਂਡ ਵਿੱਚ ਨਿੱਘਾ ਸਵਾਗਤ ਕਰਦਿਆਂ ਸਾਊਥਾਲ ਦੇ ਕਬੱਡੀ ਪ੍ਰਮੋਟਰ ਸ੍ਰ. ਇੰਦਰਜੀਤ ਸਿੰਘ ਬੱਲ, ਸ੍ਰ. ਪ੍ਰਭਜੋਤ ਸਿੰਘ ਬਿਟੂ ਮੋਹੀ, ਜਸਪਾਲ ਸਿੰਘ ਪਾਲੀ ਢਿਲੋਂ ਨੇ ਜੀ ਆਇਆਂ ਨੂੰ ਕਿਹਾ। ਸਲੋਹ ਮੇਲੇ ਤੇ ਕਬੱਡੀ ਖਿਡਾਰੀਆਂ ਦੇ ਜਲਵੇ ਵੇਖਣ ਲਈ ਸ੍ਰ. ਬਲਵਿੰਦਰ ਸਿੰਘ ਔਜਲਾ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦਾ ਆਨੰਦ ਮਾਣਿਆਂ।**